# Marking Scheme : 2026-27

| | ਜਮਾਤ : ਗਿਆਰਵੀਂ | ਸੈਸ਼ਨ : 2026-27 |
|---|---|---|
| ਕੋਡ : 532 | ਵਿਸ਼ਾ : ਪੰਜਾਬੀ | ਕੁਲ ਅੰਕ : 80 |

| ਨੋਟ : ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ। | | | | | |
|---|---|---|---|---|---|
| ਭਾਗ - (ੳ) | | | | | |
| ਪ੍ਰਸ਼ਨ ਨੰਬਰ | ਭਾਗ ਨੰ. | ਪ੍ਰਸ਼ਨ ਦੇ ਭਾਗ / ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
| | | | | | |
| 1. | (i)<br>(ii)<br>(iii)<br>(iv)<br>(v) | ਕਿਉਂਕਿ ਇਸ ਵਿਚ ਪੈ ਕੇ ਸੁਰਤਿ, ਮਨ, ਮਤ ਤੇ ਬੁੱਧੀ ਘੜੇ ਜਾਂਦੇ ਹਨ।<br>ਇਸ ਨਾਲ ਸਾਰੇ ਦਿਨ ਦੀ ਮਿਹਨਤ ਨਾਲ ਥੱਕਿਆ ਦਿਮਾਗ ਉੱਜਲ ਹੋ ਜਾਂਦਾ ਹੈ? ਸਰੀਰ ਹਲਕਾ-ਫੁਲਕਾ ਹੋ ਜਾਂਦਾ ਹੈ, ਭੁੱਖ ਲਗਦੀ ਹੈ, ਮਿੱਠੀ ਨੀਂਦ ਆਉਂਦੀ ਹੈ।<br>ਸਰੀਰ ਤਰੋ-ਤਾਜ਼ਾ ਹੁੰਦਾ ਹੈ, ਭੁੱਖ ਬਹੁਤ ਲੱਗਦੀਹੈ, ਮਿੱਠੀ ਨੀਂਦ ਆਉਂਦੀ ਹੈ, ਸਰੀਰ ਰੋਗਾਂ ਤੋਂ ਬਚਿਆ ਰਹਿੰਦਾ ਹੈ। ਸਰੀਰ ਦੀ ਅਰੋਗਤਾ ਵਿੱਚ ਸਹਾਈ।<br>ਸਵਸਥ=ਸਿਹਤ, ਵਰਧਕ=ਵਧਾਉਣ ਵਾਲੀ, ਬੁੱਧੀ=ਅਕਲ, ਟਕਸਾਲ=ਸਿੱਕੇ ਬਣਾਉਣ ਦਾ ਘਰ, ਸੁਖਾਸਨ=ਸੁਖ ਅਰਾਮ ਦੇਣ ਵਾਲਾ, ਬਿਸਤਰਾ, ਤਰੋ-ਤਾਜ਼ਾ=ਆਨੰਦ-ਭਰਪੂਰ<br>ਸ਼ਾਮ ਦੀ ਸੈਰ। | 1<br>1<br>1<br>1 | 5 | ਵਿਦਿਆਰਥੀ ਦੁਆਰਾ ਧਿਆਨ ਨਾਲ ਪੜ੍ਹੇ ਗਏ ਪੈਰੇ ਨੂੰ ਉਨ੍ਹਾਂ ਦੀ ਸਮਝ ਦੇ ਅਨੁਸਾਰ ਦਿੱਤੇ ਗਏ ਉੱਤਰ ਨੂੰ ਮਿਲਦੇ-ਜੁਲਦੇ ਵਿਚਾਰ ਹੋਣ ਉੱਤੇ ਨਿਰੀਖਿਅਕ ਬਣਦੇ ਪੂਰੇ ਅੰਕ ਦੇ ਸਕਦੇ ਹਨ। |
| 2. | | ਕਿਸੇ ਰੋਜ਼ਾਨਾ ਅਖਬਾਰ ਦੇ ਸੰਪਾਦਕ ਨੂੰ ਅਸ਼ਲੀਲ ਗੀਤਾਂ ਦੀ ਸਮੱਸਿਆ ਬਾਰੇ ਵਿਚਾਰ ਦੱਸਦੇ ਹੋਏ ਪੱਤਰ ਲਿਖੋ।<br>ਜਾਂ<br>ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸਮੱਸਿਆ ਅਤੇ ਇਸ ਦੇ ਹੱਲ ਬਾਰੇ ਚਰਚਾ ਬਾਰੇ | 5 | 5 | ਵਿਦਿਆਰਥੀ ਦੁਆਰਾ ਪੱਤਰ ਸੰਬੰਧੀ ਵਿਚਾਰ/ਭਾਵ ਜੇਕਰ ਮੇਲ ਖਾਂਦੇ ਹਨ ਤਾਂ ਵਿਦਿਆਰਥੀ ਨੂੰ |

| | | | | | |
|---|---|---|---|---|---|
| | | ਅਖ਼ਬਾਰ ਦੇ ਸੰਪਾਦਕ ਨੂੰ ਪੱਤਰ | | | ਬਣਦੇ ਪੂਰੇ ਅੰਕ ਦਿੱਤੇ ਜਾਣ। |
| 3. | <br>(i)<br>(ii)<br>(iii)<br>(iv)<br>(v) | **ਨੋਟ : ਕਿਸੇ ਇਕ ਵਿਸ਼ੇ ਉੱਤੇ ਲੇਖ**<br>ਦੀਵਾਲੀ<br>ਵਧਦੀ ਅਬਾਦੀ : ਇੱਕ ਸਮੱਸਿਆ<br>ਪਾਣੀ ਦਾ ਨੀਵਾਂ ਹੋ ਰਿਹਾ ਪੱਧਰ<br>ਆਨਲਾਈਨ ਸਿੱਖਿਆ<br>ਰੁੱਖਾਂ ਦੇ ਲਾਭ ਜਾਂ ਰੁੱਖਾਂ ਦੀ ਮਹਾਨਤਾ | 5 | 5 | ਸ਼ਬਦਾਂ ਦਾ ਵਾਧਾ/ਘਾਟਾ ਹੋਣ 'ਤੇ ਵਿਸ਼ੇ ਦੇ ਨਾਲ ਮਿਲਦਾ-ਜੁਲਦਾ ਭਾਵ/ਵਿਚਾਰ ਹੋਵੇ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ। |
| 4. | <br><br>(i) | **ਨੋਟ : ਕਿਸੇ ਛੇ ਦਫ਼ਤਰੀ ਸ਼ਬਦਾਂ ਦੇ ਸਮਾਨਾਰਥੀ -**<br>Advance = ਪੇਸ਼ਗੀ, ਅਗੇਤੀ<br>Balance = ਬਾਕੀ, ਬਕਾਇਆ<br>Calculation = ਹਿਸਾਬ, ਗਿਣਤੀ<br>Damage = ਨੁਕਸਾਨ, ਹਰਜਾਨਾ<br>Entry = ਇੰਦਰਾਜ<br>Urgent = ਜ਼ਰੂਰੀ<br>Nominated = ਨਾਮਜ਼ਦ<br>Pending = ਲਟਕਿਆ, ਵਿਲੰਬਿਤ<br>Resignation = ਤਿਆਗ-ਪੱਤਰ<br>Urgent = ਜ਼ਰੂਰੀ<br>Instruction = ਹਿਦਾਇਤਾਂ | <br><br>1<br>1<br>1<br>1<br>1<br>1<br>1<br>1<br>1<br>1<br>1 | 6 | ਪ੍ਰਸ਼ਨ ਵਿਚ ਪੁੱਛੇ ਗਏ ਸਮਾਨਾਰਥੀ ਦਾ ਪੰਜਾਬੀ ਅਨੁਵਾਦ ਸਹੀ ਅਤੇ ਦਰੁੱਸਤ ਹੋਣ 'ਤੇ ਨਿਰੀਖਿਅਕ ਪੂਰੇ ਅੰਕ ਦੇ ਸਕਦਾ ਹੈ। |
| | (ii) | **ਨੋਟ : ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਂ ਦੇ ਸਮਾਨਾਰਥੀ (ਕੋਈ ਛੇ)**<br>Atmosphere = ਵਾਯੂ-ਮੰਡਲ<br>Discharge = ਨਿਕਾਸ<br>Fluctuation = ਉਤਾਰ-ਚੜ੍ਹਾਅ<br>Humidity = ਨਮੀ, ਸਿਲ੍ਹ<br>Interim = ਅੰਤਰਿਮ<br>Nameless = ਬੇਨਾਮ | <br><br>1<br>1<br>1<br>1<br>1<br>1 | 6 | ਵਿਦਿਆਰਥੀ ਦੁਆਰਾ ਸ਼ਬਦਾਂ ਦੇ ਸਮਾਨਾਰਥੀ ਸ਼ਬਦ ਲਿਖੇ ਜਾਣ 'ਤੇ ਨਿਰੀਖਿਅਕ ਬਣਦੇ ਪੂਰੇ ਅੰਕ ਦੇ ਸਕਦਾ ਹੈ। |

| | | | | | |
|---|---|---|---|---|---|
| | | Sacrilege = ਧਾਰਮਿਕ ਬੇਅਦਬੀ<br>Vanue = ਮਿਲਨ-ਸਥਾਨ<br>Tribe = ਕਬੀਲਾ<br>Utopia = ਆਦਰਸ਼ਪੂਰਨ ਸਮਾਜ | 1<br>1<br>1<br>1 | | |
| | (iii) | **ਨੋਟ : ਕਿਸੇ ਚਾਰ ਵਾਕਾਂ ਦਾ ਪੰਜਾਬੀ ਅਨੁਵਾਦ**<br>(ੳ) It is for office use only = ਇਹ ਕੇਵਲ ਦਫ਼ਤਰੀ ਵਰਤੋਂ ਲਈ ਹੈ।<br>(ਅ) Spitting is prohibited on the Plateform = ਪਲੇਟਫਾਰਮ 'ਤੇ ਥੁੱਕਣਾ ਮਨਾ ਹੈ।<br>(ੲ) No enclosure allowed in the Inland letter = ਅੰਤਰਦੇਸੀ ਪੱਤਰ ਵਿਚ ਕੁੱਝ ਵੀ ਰੱਖਣ ਦੀ ਆਗਿਆ ਨਹੀਂ ਹੈ।<br>(ਸ) Everyone should have an insurance in his life = ਹਰੇਕ ਮਨੁੱਖ ਨੂੰ ਜਿੰਦਗੀ 'ਚ ਆਪਣਾ ਬੀਮਾ ਕਰਵਾਉਣਾ ਚਾਹੀਦਾ ਹੈ।<br>(ਹ) Internet is the network of networks = ਨੈੱਟਵਰਕਾਂ ਦਾ ਨੈੱਟਵਰਕ ਇੰਟਰਨੈੱਟ ਹੁੰਦਾ ਹੈ।<br>(ਕ) Beware of Pick-Pockets = ਜੇਬ-ਕਤਰਿਆਂ ਤੋਂ ਸਾਵਧਾਨ ਰਹੋ।<br>(ਖ) Internet upon deposits ceases from due dates of maturity = ਮਿਆਦ ਪੁੱਗਣ ਤੋਂ ਬਾਅਦ ਜਮ੍ਹਾਂ ਰਕਮ 'ਤੇ ਵਿਆਜ ਨਹੀਂ ਲੱਗਦਾ। | 2<br>2<br>2<br>2<br>2<br>2<br>2 | 8 | ਨਿਰੀਖਿਅਕ ਦਿੱਤੇ ਗਏ ਵਾਕ ਦਾ ਪੰਜਾਬੀ ਅਨੁਵਾਦ ਸਹੀ ਅਤੇ ਦਰੁੱਸਤ ਹੋਣ 'ਤੇ ਵਿਦਿਆਰਥੀ ਨੂੰ ਬਣਦੇ ਪੂਰੇ ਅੰਕ ਦੇਵੇ।<br>ਅਨੁਵਾਦ ਕਰਦੇ ਹੋਏ ਵਿਦਿਆਰਥੀ ਵਾਕ ਦੇ ਸਹੀ/ਸਟੀਕ ਸ਼ਬਦਾਂ ਦੇ ਲੇਖਨ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| 5. | | **ਨੋਟ : ਕਿਸੇ ਪੰਜ ਮੁਹਾਵਰੇ -**<br>ਉਠ ਦੇ ਮੂੰਹ ਵਿਚ ਜੀਰਾ ਦੇਣਾ = ਬਹੁਤ ਖਾਣ ਵਾਲੇ ਨੂੰ ਥੋੜ੍ਹਾ ਦੇਣਾ। | 1 | 5 | ਜੇਕਰ ਵਿਦਿਆਰਥੀ ਅਰਥ ਨਾ ਵੀ ਦੇਵੇ ਪਰ ਵਾਕ ਵਿਚ |

| | | | | | |
|---|---|---|---|---|---|
| | | ਹੱਥ ਉੱਤੇ ਹੱਥ ਧਰ ਕੇ ਬਹਿਣਾ = ਵਿਹਲੇ ਬੈਠਣਾ।<br>ਖ਼ੂਨ ਸਫ਼ੈਦ ਹੋਣਾ = ਸੰਬੰਧੀਆਂ ਦਾ ਆਪਸੀ ਪਿਆਰ ਨਾ ਰਹਿਣਾ।<br>ਟੱਸ ਤੋਂ ਮੱਸ ਨਾ ਹੋਣਾ = ਕੋਈ ਪਰਵਾਹ ਨਾ ਕਰਨੀ।<br>ਦੱਸਾ ਨਹੂੰਆਂ ਦੀ ਕਿਰਤ ਕਰਨਾ = ਹੱਕ/ਮਿਹਨਤ ਦੀ ਕਮਾਈ ਕਰਨੀ।<br>ਬਾਤ ਦਾ ਬਤੰਗੜ ਬਣਾਉਣਾ = ਛੋਟੀ ਜਿਹੀ ਗੱਲ ਨੂੰ ਵਧਾ ਕੇ ਲੜਾਈ ਖੜ੍ਹੀ ਕਰਨੀ।<br>ਜੀਭ ਨੂੰ ਲਗਾਮ ਦੇਣਾ = ਬੋਲਣ 'ਤੇ ਕਾਬੂ ਰੱਖਣਾ।<br>ਦਿਲ ਬਾਗ-ਬਾਗ ਹੋ ਜਾਣਾ =ਮਨ ਨੂੰ ਖੁਸ਼ੀ ਹੋਣੀ। | 1<br>1<br>1<br>1<br>1<br>1<br>1 | | ਮੁਹਾਵਰੇ ਦਾ ਅਰਥ ਸਪੱਸ਼ਟ ਕਰ ਰਿਹਾ ਹੋਵੇ ਤਾਂ ਨਿਰੀਖਿਅਕ ਉਸ ਦੇ ਭਾਵ/ਸਮਝ ਦੇ ਅਨੁਸਾਰ ਪੂਰੇ ਅੰਕ ਦੇ ਸਕਦਾ ਹੈ। |
| 6. | | ਪੁੱਤਰ ਨੇ ਜਾਇਦਾਦ ਤੋਂ ਬੇਦਖ਼ਲ ਕਰਨ ਦਾ ਇਸ਼ਤਿਹਾਰ ਲਿਖਣਾ<br>ਜਾਂ<br>ਖਾਲੀ ਮਕਾਨ ਕਿਰਾਏ 'ਤੇ ਦੇਣ ਸੰਬੰਧੀ ਇਸ਼ਤਿਹਾਰ ਲਿਖਣਾ। | 5 | 5 | ਇਸ਼ਤਿਹਾਰ ਵਿੱਚ ਭਾਵ/ਵਿਚਾਰ ਸਹੀਹੋਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| 7. | | ਭੋਗ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਸੱਦਾ-ਪੱਤਰ ਲਿਖੋ।<br>ਜਾਂ<br>ਆਪਣੇ ਸਕੂਲ ਦੇ ਸਲਾਨਾ ਸਮਾਗਮ ਦਾ ਸੱਦਾ-ਪੱਤਰ ਲਿਖੋ। | 5 | 5 | ਵਿਦਿਆਰਥੀ ਦੁਆਰਾ ਸਹੀ ਤੇ ਵਿਚਾਰ ਮਿਲਦੇ ਜੁਲਦੇ ਹੋਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| **ਭਾਗ - (ਅ)** | | | | | |
| 8. | | ਪੁਸਤਕ - ਲਾਜ਼ਮੀ ਪੰਜਾਬੀ ॥<br>ਲੋਕਗੀਤ - ਸੁਹਾਗ 'ਸਾਡਾ ਚਿੜਿਆਂ ਦਾ ਚੰਬਾ ਵੇ'<br>ਜਾਂ | 3 | 3 | ਦਿੱਤੇ ਗਏ ਸੰਕੇਤ/ਨੁਕਤੇ ਨਿਰੀਖਿਅਕ ਦੀ ਸਹੂਲਤ ਲਈ ਹਨ। |

| | | | | | |
|---|---|---|---|---|---|
| | | ਪੁਸਤਕ - ਲਾਜ਼ਮੀ ਪੰਜਾਬੀ ॥<br>ਲੋਕਗੀਤ - ਘੋੜੀ 'ਮੱਥੇ 'ਤੇ ਚਮਕਣ ਵਾਲ' | | | |
| 9. | | ਨਾਇਕਾ ਦੇ ਕੰਨਾਂ ਵਿਚ ਸੋਹਣੇ ਬੁੰਦੇ ਹਨ ਤੇ ਪੈਰਾਂ ਵਿੱਚ ਤਿੱਲੇ ਦੀ ਕੱਢੀ ਹੋਈ ਜੁੱਤੀ ਹੈ ਤੇ ਉਹ ਪੱਬ ਮਰੋੜ ਕੇ ਰੱਖਦੀ ਹੈ। ਉਹ ਆਪਣੇ ਪ੍ਰੇਮੀ ਨੂੰ ਤੰਗ ਗਲੀਆਂ ਵਿਚ ਹਾਸਾ-ਮਖੌਲ ਕਰਨ ਤੋਂ ਰੋਕਦੀ ਹੈ, ਚੁੰਨੀ ਦਾ ਲੜ ਛੱਡਣ ਨੂੰ ਕਹਿੰਦੀ ਹੈ। ਪਿਆਰ ਵਿੱਚ ਦਿਲਾਂ ਦੇ ਸੌਦੇ ਹੁੰਦੇ ਹਨ, ਉਸਨੇ ਆਪਣੇ ਮਾਪੇ ਤੇ ਸਹੇਲੀਆਂ ਵੀ ਛੱਡ ਦਿੱਤੀਆਂਹਨ। ਆਪਣੇ ਹੁਸਨ ਨਾਲ ਪ੍ਰੇਮੀ ਨੂੰ ਨਸ਼ਈ ਕਰ ਦਿੱਤਾ ਹੈ।<br>ਜਾਂ<br>ਬੁਝਾਰਤ ਤੋਂ ਭਾਵ ਇਕ ਅਜਿਹੀ ਰਚਨਾ ਜਿਸ ਦੇ ਆਧਾਰ 'ਤੇ ਕੁਝ ਬੁੱਝਣ ਲਈ ਕਿਹਾ ਜਾਂਦਾ ਹੈ। ਬੁਝਾਰਤ ਰਾਹੀਂ ਮਨੁੱਖ ਦੀ ਸੂਝ-ਬੂਝ ਅਤੇ ਦਿਮਾਗੀ ਚੁਸਤੀ ਨੂੰ ਪਰਖਿਆ ਜਾਂਦਾ ਹੈ। ਇਸ ਵਿਚ ਜੀਵਨ ਦਾ ਕੋਈ ਪੱਖ ਅੜਾਉਣੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। | 3 | 3 | ਇੰਨੇ ਜ਼ਿਆਦਾ ਨੁਕਤੇ/ਸੰਕੇਤ ਨਿਰੀਖਿਅਕਾਂ ਦੀ ਸਹੂਲਤ ਲਈ ਹਨ। ਵਿਸ਼ੇ ਦੇ ਅਨੁਸਾਰ ਉੱਤਰ ਸਹੀ ਹੋਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| 10. | | 'ਦੁੱਲਾ ਭੱਟੀ' ਦੰਤ ਕਥਾ ਦਾ ਸਾਰ<br>ਜਾਂ<br>'ਹੀਰ ਰਾਂਝਾ' ਪ੍ਰੀਤ ਕਥਾ ਦਾ ਸਾਰ | 3 | 3 | ਸ਼ਬਦਾਂ ਦੇ ਵਾਧੂ/ਘੱਟ ਹੋਣ 'ਤੇ ਸਮਝ/ਵਿਚਾਰ ਸਹੀ ਹੋਣ 'ਤੇ ਪੂਰੇ ਬਣਦੇ ਅੰਕ ਦਿੱਤੇ ਜਾਣ। |
| 11. | | **ਨੋਟ : ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ** | | 3 | ਵਿਦਿਆਰਥੀ ਦੁਆਰਾ ਸਹੀ/ ਸਟੀਕ ਉੱਤਰ ਦਿੱਤੇ ਜਾਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| | (i) | ਮਾਂ। | 1 | | |
| | (ii) | ਮੁਟਿਆਰ। | 1 | | |
| | (iii) | ਕੁੜੀ ਵਾਲੇ। | 1 | | |
| | (iv) | ਹੁਸਨ, ਜਵਾਨੀ ਤੇ ਮਾਪੇ। | 1 | | |
| 12. | (i) | ਕੰਨੀਦਾਰ। | 1 | 3 | ਵਿਦਿਆਰਥੀ |

| | | | | | |
|---|---|---|---|---|---|
| | (ii)<br>(iii) | ਮੌਤ ਦੀ।<br>ਕਾਂ | 1<br>1 | | ਦੁਆਰਾ ਸਹੀ/ ਸਟੀਕ ਉੱਤਰ ਦਿੱਤੇ ਜਾਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| 13. | <br>(i)<br><br>(ii)<br>(iii)<br>(iv) | **ਨੋਟ : ਕਿਸੇ ਤਿੰਨ ਪ੍ਰਸ਼ਨ ਦੇ ਉੱਤਰ -**<br>ਰਸਾਲੂ ਦਾ ਬਾਪ ਰਾਜਾ ਸਲਵਾਨ ਤੇ ਮਾਂ ਲੂਣਾ।<br>ਬਾਰ੍ਹਾ ਸਾਲਾਂ ਲਈ।<br>ਰਾਂਝੇ ਨੂੰ।<br>ਦਾਨਾਬਾਦ। | <br>1<br><br>1<br>1<br>1 | 3 | ਵਿਦਿਆਰਥੀ ਦੁਆਰਾ ਸਹੀ/ ਸਟੀਕ ਉੱਤਰ ਦਿੱਤੇ ਜਾਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| 14. | (i) | A. ਤਾਂ ਜੋ ਉਹ ਆਪਣੇ ਬਾਬਲ ਨੂੰ ਆਪਣੀ ਪਸੰਦ ਦੇ ਵਰ ਖ਼ੂਬਸੂਰਤ ਦੀ ਫ਼ਰਮਾਇਸ਼ ਕਰ ਸਕੇ।<br>B. ਸਿੱਠਣੀਆਂ ਵਿਆਹ ਦੀਆਂ ਰਸਮਾਂ ਨਾਲ ਸੰਬੰਧਤ ਹਨ। ਇਹ ਕੁੜੀ ਦੇ ਵਿਆਹ ਦੇ ਮੌਕੇ 'ਤੇ ਮੇਲਣਾ ਅਤੇ ਸ਼ਰੀਕੇ ਦੀਆਂ ਔਰਤਾਂ ਵਲੋਂ ਜਾਂਞੀਆਂ ਨੂੰ ਦਿੱਤੀਆਂ ਜਾਂਦੀਆਂ ਹਨ। | 2<br>2 | 4 | ਵਿਦਿਆਰਥੀ ਦੁਆਰਾ ਸਹੀ/ ਸਟੀਕ ਉੱਤਰ ਦਿੱਤੇ ਜਾਣ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| 15. | (ii) | A. ਮਹਿੰਦੀ ਹੱਟੀਆਂ ਉਤੇ ਮਹਿੰਗੀ ਪਰ ਬਾਗਾਂ ਵਿਚ ਸਸਤੀ ਮਿਲਦੀ ਹੈ। ਬਾਗਾਂ ਵਿਚੋਂ ਲਿਆਂਦੀ ਮਹਿੰਦੀ ਨੂੰ ਘੋਟਣਾ ਪੈਂਦਾ ਹੈ ਫੇਰ ਹੱਥਾਂ 'ਤੇ ਲਾਇਆ ਜਾਂਦਾ ਹੈ। ਸੁੱਕਣ 'ਤੇ ਬੱਤੀਆਂ ਬਣ-ਬਣ ਲਹਿੰਦੀ ਹੈ।<br>B. ਮੱਝਾਂ ਤਾਂ ਸੂਰਮਿਆਂ ਦਾ ਮਾਲ ਹੈ। ਇਹ ਮਾੜਿਆਂ ਕੋਲ ਨਹੀਂ ਰਹਿੰਦੀਆਂ। ਭਾਵ ਅਮੀਰ ਜਾਂ ਜਿਗਰੇ ਵਾਲੇ ਹੀ ਇਨ੍ਹਾਂ ਨੂੰ ਰੱਖਦੇ ਹਨ ਅਤੇ ਇਹਨਾਂ ਦੇ ਨੁਕਸਾਨ ਦੀਆਂ ਸੱਟਾਂ ਸਹਾਰ ਸਕਦੇ ਹਨ। | 2<br>2 | 4 | ਨਿਰੀਖਿਅਕ ਦਿੱਤੇ ਗਏ ਸਹੀ/ਸਟੀਕ ਜਵਾਬ ਨੂੰ ਵੇਖ ਕੇ ਬਣਦੇ ਪੂਰੇ ਅੰਕ ਦੇ ਸਕਦਾ ਹੈ। |
| | (iii) | A. **ਪੂਰਨ :-** ਸਿਆਲਕੋਟ ਦੇ ਰਾਜੇ ਸਲਵਾਨ ਦਾ ਪੁੱਤਰ ਸੀ। ਮਾਂ ਰਾਣੀ ਇੱਛਰਾਂ। | 2 | 4 | ਨਿਰੀਖਿਅਕ ਦਿੱਤੇ ਗਏ ਸਹੀ/ਸਟੀਕ |

| | | | | | |
|---|---|---|---|---|---|
| | | ਰਾਣੀਲੂਣਾ ਉਸ ਮਤਰੇਈ ਮਾਂ ਉਸ 'ਤੇ ਮੋਹਿਤ ਹੋ ਗਈ। ਗੁਰੂ ਗੋਰਖਨਾਥ ਤੋਂ ਜੋਗ ਧਾਰਨ ਕੀਤਾ। ਜੋਗੀ ਬਣ ਗਿਆ।<br>B. ਜਦੋਂ ਸਾਹਿਬਾ ਨੂੰ ਬੱਕੀ 'ਤੇ ਬਿਠਾ ਕੇ ਕਾਫ਼ੀ ਦੂਰ ਆ ਗਿਆ ਤਾਂ ਸਫ਼ਰ ਦੀ ਥਕਾਵਟ ਤੇ ਕੁਝ ਬੇਫ਼ਿਕਰੀ ਕਾਰਨ ਆਰਾਮ ਕਰਨ ਲਈ ਜੰਡ ਦੇ ਰੁੱਖ ਦੇ ਹੇਠਾਂ ਰੁਕਿਆ ਸੀ। | 2 | | ਜਵਾਬ ਨੂੰ ਵੇਖ ਕੇ ਬਣਦੇ ਪੂਰੇ ਅੰਕ ਦੇ ਸਕਦਾ ਹੈ। |